# ਬਾਣੀ ਕੰਠ ਕਰੀਏ

## (16 ਸ਼ਬਦ)

## ਭਾਗ - 1



3

### ਮਃ ੫ ॥ (ਅੰਗ - ੯੫੯)

ਕਾਹੇ ਮਨ ਤੂ ਡੋਲਤਾ ਹਰਿ ਮਨਸਾ[੧] ਪੂਰਣਹਾਰੁ ॥
ਸਤਿਗੁਰੁ ਪੁਰਖੁ ਧਿਆਇ ਤੂ ਸਭਿ ਦੁਖ ਵਿਸਾਰਣਹਾਰੁ ॥
ਹਰਿ ਨਾਮਾ ਆਰਾਧਿ[੨] ਮਨ ਸਭਿ ਕਿਲਵਿਖ[੩] ਜਾਹਿ ਵਿਕਾਰ ॥
ਜਿਨ ਕਉ ਪੂਰਬਿ ਲਿਖਿਆ ਤਿਨ ਰੰਗੁ ਲਗਾ ਨਿਰੰਕਾਰ ॥
ਓਨੀ ਛਡਿਆ ਮਾਇਆ ਸੁਆਵੜਾ[੪] ਧਨੁ ਸੰਚਿਆ[੫] ਨਾਮੁ ਅਪਾਰੁ ॥
ਅਠੇ ਪਹਰ ਇਕਤੈ[੬] ਲਿਵੈ ਮੰਨੇਨਿ ਹੁਕਮੁ ਅਪਾਰੁ ॥
ਜਨੁ ਨਾਨਕੁ ਮੰਗੈ ਦਾਨੁ ਇਕੁ ਦੇਹੁ ਦਰਸੁ ਮਨਿ ਪਿਆਰੁ ॥੨॥ਪਉੜੀ॥

੧. ਇੱਛਾ ੨. ਸਿਮਰ ੩. ਪਾਪ ੪. ਭੈੜਾ ਸੁਆਦ ੫. ਜੋੜਿਆ ੬. ਇੱਕ ਵਿੱਚ ਵੀ

### ਆਸਾ (ਅੰਗ - ੪੮੭)

ਮਾਟੀ ਕੋ ਪੁਤਰਾ[੧] ਕੈਸੇ ਨਚਤੁ ਹੈ ॥
ਦੇਖੈ ਦੇਖੈ ਸੁਨੈ ਬੋਲੈ ਦਉਰਿਓ[੨] ਫਿਰਤੁ ਹੈ ॥੧॥ਰਹਾਉ॥
ਜਬ ਕਛੁ ਪਾਵੈ ਤਬ ਗਰਬੁ[੩] ਕਰਤੁ ਹੈ ॥
ਮਾਇਆ ਗਈ ਤਬ ਰੋਵਨੁ ਲਗਤੁ ਹੈ ॥੧॥
ਮਨ ਬਚ[੪] ਕ੍ਰਮ[੫] ਰਸ ਕਸਹਿ[੬] ਲੁਭਾਨਾ[੭] ॥
ਬਿਨਸਿ ਗਇਆ ਜਾਇ ਕਹੂੰ[੮] ਸਮਾਨਾ ॥੨॥
ਕਹਿ ਰਵਿਦਾਸ ਬਾਜੀ ਜਗੁ ਭਾਈ ॥
ਬਾਜੀਗਰ ਸਉ ਮੋੁਹਿ ਪ੍ਰੀਤਿ ਬਨਿ ਆਈ ॥੩॥੬॥

੧. ਪੁਤਲਾ ੨. ਦੌੜਦਾ ੩. ਅਹੰਕਾਰ ੪. ਗੱਲਾਂ ੫. ਕਰਤੂਤ ੬. ਸੁਆਦਾਂ ਵਿੱਚ ੭. ਮਸਤ ੮. ਕਿਸੇ ਹੋਰ ਥਾਂ

### ਗਉੜੀ ਮਹਲਾ ੫ ॥ (ਅੰਗ - ੧੮੭)

ਮੀਤੁ[੧] ਕਰੈ ਸੋਈ ਹਮ ਮਾਨਾ ॥
ਮੀਤ ਕੇ ਕਰਤਬ[੨] ਕੁਸਲ[੩] ਸਮਾਨਾ ॥੧॥
ਏਕਾ ਟੇਕ ਮੇਰੈ ਮਨਿ ਚੀਤ ॥
ਜਿਸੁ ਕਿਛੁ ਕਰਣਾ ਸੁ ਹਮਰਾ ਮੀਤ ॥੧॥ ਰਹਾਉ॥
ਮੀਤੁ ਹਮਾਰਾ ਵੇਪਰਵਾਹਾ ॥
ਗੁਰ ਕਿਰਪਾ ਤੇ ਮੋਹਿ ਅਸਨਾਹਾ[੪] ॥੨॥
ਮੀਤੁ ਹਮਾਰਾ ਅੰਤਰਜਾਮੀ ॥
ਸਮਰਥ[੫] ਪੁਰਖੁ ਪਾਰਬ੍ਰਹਮੁ ਸੁਆਮੀ ॥੩॥
ਹਮ ਦਾਸੇ ਤੁਮ ਠਾਕੁਰ ਮੇਰੇ ॥
ਮਾਨੁ ਮਹਤੁ[੬] ਨਾਨਕ ਪ੍ਰਭੁ ਤੇਰੇ ॥੪॥

੧. ਮਿੱਤਰ ੨. ਫਰਜ਼ ੩. ਸੁਖ ਵਰਗੇ ੪. ਪਿਆਰ ੫. ਸਭ ਤਾਕਤਾਂ ਦਾ ਮਾਲਕ ੬. ਵਡਿਆਈ

### ਗੂਜਰੀ ਮਹਲਾ ੫ ॥ (ਅੰਗ - ੪੯੮)

ਮਤਾ ਮਸੂਰਤਿ[੧] ਅਵਰ ਸਿਆਨਪ
ਜਨ ਕਉ ਕਛੂ ਨ ਆਇਓ ॥
ਜਹ ਜਹ ਅਉਸਰੁ[੨] ਆਇ ਬਨਿਓ ਹੈ
ਤਹਾ ਤਹਾ ਹਰਿ ਧਿਆਇਓ ॥੧॥
ਪ੍ਰਭ ਕੋ ਭਗਤਿ ਵਛਲੁ[੩] ਬਿਰਦਾਇਓ[੪] ॥
ਕਰੇ ਪ੍ਰਤਿਪਾਲ ਬਾਰਿਕ[੫] ਕੀ ਨਿਆਈ[੬]
ਜਨ ਕਉ ਲਾਡ ਲਡਾਇਓ ॥੧॥ਰਹਾਉ॥
ਜਪ ਤਪ ਸੰਜਮ ਕਰਮ ਧਰਮ ਹਰਿ ਕੀਰਤਨੁ ਜਨਿ ਗਾਇਓ ॥
ਸਰਨਿ ਪਰਿਓ ਨਾਨਕ ਠਾਕੁਰ ਕੀ ਅਭੈ[੭] ਦਾਨੁ ਸੁਖੁ ਪਾਇਓ ॥੨॥

੧. ਸਾਲਾਹ ੨. ਸਮਾਂ, ਮੌਕਾ ੩. ਭਗਤੀ ਨਾਲ ਪਿਆਰ ਕਰਨ ਵਾਲਾ ੪. ਮੁੱਢ - ਕਦੀਮਾਂ ਦਾ ਸੁਭਾਉ ੫. ਬੱਚਾ ੬. ਵਾਂਗ ੭. ਨਿਰਭੈ

### ਆਸਾ ਮਹਲਾ ੫ ॥ (ਅੰਗ - ੩੭੮)

ਤੁਝ ਬਿਨੁ ਅਵਰੁ[੧] ਨਾਹੀ ਮੈ ਦੂਜਾ ਤੂੰ ਮੇਰੇ ਮਨ ਮਾਹੀ[੨] ॥
ਤੂੰ ਸਾਜਨੁ ਸੰਗੀ ਪ੍ਰਭੁ ਮੇਰਾ
ਕਾਹੇ[੩] ਜੀਅ ਡਰਾਹੀ[੪] ॥੧॥
ਤੁਮਰੀ ਓਟ ਤੁਮਾਰੀ ਆਸਾ ॥
ਬੈਠਤ ਊਠਤ ਸੋਵਤ ਜਾਗਤ
ਵਿਸਰੁ ਨਾਹੀ ਤੂੰ ਸਾਸ ਗਿਰਾਸਾ[੫] ॥੧॥ਰਹਾਉ॥
ਰਾਖੁ ਰਾਖੁ ਸਰਣਿ ਪ੍ਰਭ ਅਪਨੀ ਅਗਨਿ ਸਾਗਰ ਵਿਕਰਾਲਾ[੬] ॥
ਨਾਨਕ ਕੇ ਸੁਖਦਾਤੇ ਸਤਿਗੁਰ ਹਮ ਤੁਮਰੇ ਬਾਲ ਗੁਪਾਲਾ[੭] ॥੨॥

੧. ਹੋਰ ੨. ਵਿਚ ੩. ਕਿਉਂ ੪. ਡਰਦੀ ਹੈ ੫. ਖਾਂਦਿਆਂ ਖਾਂਦਿਆਂ ੬. ਡਰਾਉਣਾ ੭. ਧਰਤੀ ਦਾ ਰਾਖਾ

Sword of Enlightenment

### ਨਾਮਦੇਵ ਜੀ ॥ (ਅੰਗ - ੭੨੭)

ਮੈ ਅੰਧੁਲੇ[੧] ਕੀ ਟੇਕ ਤੇਰਾ ਨਾਮੁ ਖੁੰਦਕਾਰਾ[੨] ॥
ਮੈ ਗਰੀਬ ਮੈ ਮਸਕੀਨ[੩] ਤੇਰਾ ਨਾਮੁ ਹੈ ਅਧਾਰਾ ॥੧॥ਰਹਾਉ॥
ਕਰੀਮਾਂ[੪] ਰਹੀਮਾਂ[੫] ਅਲਾਹ ਤੂ ਗਨੀਂ[੬] ॥
ਹਾਜਰਾ ਹਜੂਰਿ ਦਰਿ ਪੇਸਿ ਤੂੰ ਮਨੀ ॥੧॥
ਦਰੀਆਉ ਤੂ ਦਿਹੰਦ[੭] ਤੂ ਬਿਸੀਆਰ[੮] ਤੂ ਧਨੀ ॥
ਦੇਹਿ ਲੇਹਿ ਏਕੁ ਤੂੰ ਦਿਗਰ[੯] ਕੋ ਨਹੀ ॥੨॥
ਤੂੰ ਦਾਨਾਂ ਤੂੰ ਬੀਨਾਂ ਮੈ ਬੀਚਾਰੁ ਕਿਆ ਕਰੀ ॥
ਨਾਮੇ ਚੇ ਸੁਆਮੀ ਬਖਸੰਦ ਤੂੰ ਹਰੀ ॥੩॥੧॥੨॥

੧. ਅੰਨੇ ਮਨੁੱਖ ੨. ਸਹਾਰਾ ੩. ਨਿਮਾਣਾ ੪. ਬਖਸ਼ਿਸ਼ ਕਰਨ ਵਾਲੇ ੫. ਰਹਿਮ ਕਰਨ ਵਾਲੇ ੬. ਅਮੀਰ ੭. ਦੇਣ ਵਾਲਾ, ਦਾਤਾ ੮. ਬਹੁਤ ੯. ਕੋਈ ਹੋਰ

Decade of Spiritual Renaissance (2008-2018)

### ਤਿਲੰਗ ਮਹਲਾ ੫ ਘਰੁ ੩ ॥ (ਅੰਗ - ੭੨੪)

ਮਿਹਰਵਾਨੁ[੧] ਸਾਹਿਬੁ ਮਿਹਰਵਾਨੁ ॥
ਸਾਹਿਬੁ ਮੇਰਾ ਮਿਹਰਵਾਨੁ ॥
ਜੀਅ ਸਗਲ ਕਉ ਦੇਇ ਦਾਨੁ॥ਰਹਾਉ॥
ਤੂ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ[੨] ॥
ਜਿਨਿ ਪੈਦਾਇਸਿ[੩] ਤੂ ਕੀਆ ਸੋਈ ਦੇਇ ਆਧਾਰੁ ॥੧॥
ਜਿਨਿ ਉਪਾਈ ਮੇਦਨੀ[੪] ਸੋਈ ਕਰਦਾ ਸਾਰ ॥
ਘਟਿ ਘਟਿ ਮਾਲਕੁ ਦਿਲਾ ਕਾ ਸਚਾ ਪਰਵਦਗਾਰੁ[੫] ॥੨॥
ਕੁਦਰਤਿ ਕੀਮ[੬] ਨ ਜਾਣੀਐ ਵਡਾ ਵੇਪਰਵਾਹੁ ॥
ਕਰਿ ਬੰਦੇ ਤੂ ਬੰਦਗੀ ਜਿਚਰੁ[੭] ਘਟ ਮਹਿ ਸਾਹੁ ॥੩॥
ਤੂ ਸਮਰਥੁ ਅਕਥੁ ਅਗੋਚਰੁ[੮] ਜੀਉ ਪਿੰਡੁ ਤੇਰੀ ਰਾਸਿ ॥
ਰਹਮ ਤੇਰੀ ਸੁਖੁ ਪਾਇਆ ਸਦਾ ਨਾਨਕ ਕੀ ਅਰਦਾਸਿ ॥੪॥

੧. ਦਇਆਲ ੨. ਪੈਦਾ ਕਰਨ ਵਾਲਾ ਪ੍ਰਭੂ ੩. ਰਚਨਾ ੪. ਧਰਤੀ ੫. ਪਾਲਣ ਵਾਲਾ ੬. ਕੀਮਤ, ਮੁੱਲ ੭. ਜਿੰਨੀ ਦੇਰ ੮. ਗਿਆਨ ਇੰਦ੍ਰੀਆਂ ਦੀ ਪਹੁੰਚ ਤੋਂ ਬਾਹਰ

Spiritual, Academic and Professional EXCELLENCE

### ਮਾਰੂ ਮਹਲਾ ੫ ਘਰੁ ੪ ਅਸਟਪਦੀਆ (ਅੰਗ - ੧੦੧੮)

ੴ ਸਤਿਗੁਰ ਪ੍ਰਸਾਦਿ ॥

ਚਾਦਨਾ ਚਾਦਨੁ[੧] ਆਂਗਨਿ[੨] ਪ੍ਰਭ ਜੀਉ ਅੰਤਰਿ ਚਾਦਨਾ ॥੧॥
ਆਰਾਧਨਾ[੩] ਅਰਾਧਨੁ ਨੀਕਾ ਹਰਿ ਹਰਿ ਨਾਮੁ ਅਰਾਧਨਾ ॥੨॥
ਤਿਆਗਨਾ ਤਿਆਗਨੁ ਨੀਕਾ ਕਾਮੁ ਕ੍ਰੋਧੁ ਲੋਭੁ ਤਿਆਗਨਾ ॥੩॥
ਮਾਗਨਾ ਮਾਗਨੁ ਨੀਕਾ ਹਰਿ ਜਸੁ ਗੁਰ ਤੇ ਮਾਗਨਾ ॥੪॥
ਜਾਗਨਾ ਜਾਗਨੁ ਨੀਕਾ[੪] ਹਰਿ ਕੀਰਤਨ ਮਹਿ ਜਾਗਨਾ[੫] ॥੫॥
ਲਾਗਨਾ ਲਾਗਨੁ ਨੀਕਾ ਗੁਰ ਚਰਣੀ ਮਨੁ ਲਾਗਨਾ ॥੬॥
ਇਹ ਬਿਧਿ[੬] ਤਿਸਹਿ ਪਰਾਪਤੇ ਜਾ ਕੈ ਮਸਤਕਿ ਭਾਗਨਾ[੭] ॥੭॥
ਕਹੁ ਨਾਨਕ ਤਿਸੁ ਸਭੁ ਕਿਛੁ ਨੀਕਾ ਜੋ ਪ੍ਰਭ ਕੀ ਸਰਨਾਗਨਾ[੮] ॥੮॥

੧. ਚਾਨਣਾਂ ਵਿੱਚੋਂ ਚਾਨਣ ੨. ਵਿਹੜੇ ਵਿਚ ੩. ਸਿਮਰਨਾ ੪. ਸੋਹਣਾ,ਚੰਗਾ ੫. ਸੁਚੇਤ ਹੋਣਾ ੬. ਤਰੀਕਾ ੭. ਭਾਗ ਜਾਗ ਪੈਣਾ ੮. ਸਰਣ ਵਿੱਚ

### ਰਾਮਾਨੰਦ ਜੀ ਘਰੁ ੧ (ਅੰਗ - ੧੧੯੫)

ੴ ਸਤਿਗੁਰ ਪ੍ਰਸਾਦਿ ॥

ਕਤ[੧] ਜਾਈਐ ਰੇ ਘਰ ਲਾਗੋ ਰੰਗੁ ॥
ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ[੨] ॥੧॥ਰਹਾਉ॥
ਏਕ ਦਿਵਸ[੩] ਮਨ ਭਈ ਉਮੰਗ[੪] ॥
ਘਸਿ ਚੰਦਨ ਚੋਆ[੫] ਬਹੁ ਸੁਗੰਧ ॥
ਪੂਜਨ ਚਾਲੀ ਬ੍ਰਹਮ ਠਾਇ[੬] ॥
ਸੋ ਬ੍ਰਹਮੁ[੭] ਬਤਾਇਓ ਗੁਰ ਮਨ ਹੀ ਮਾਹਿ ॥੧॥
ਜਹਾ ਜਾਈਐ ਤਹ ਜਲ ਪਖਾਨ ॥
ਤੂ ਪੂਰਿ ਰਹਿਓ ਹੈ ਸਭ ਸਮਾਨ ॥
ਬੇਦ ਪੁਰਾਨ ਸਭ ਦੇਖੇ ਜੋਇ[੮] ॥
ਊਹਾਂ ਤਉ ਜਾਈਐ ਜਉ ਈਹਾਂ ਨ ਹੋਇ ॥੨॥
ਸਤਿਗੁਰ ਮੈ ਬਲਿਹਾਰੀ ਤੋਰ ॥
ਜਿਨਿ ਸਕਲ ਬਿਕਲ[੯] ਭ੍ਰਮ ਕਾਟੇ ਮੋਰ ॥
ਰਾਮਾਨੰਦ ਸੁਆਮੀ ਰਮਤ[੧੦] ਬ੍ਰਹਮ ॥
ਗੁਰ ਕਾ ਸਬਦੁ ਕਾਟੈ ਕੋਟਿ[੧੧] ਕਰਮ ॥੩॥੧॥

੧. ਹੋਰ ਕਿੱਥੇ ੨. ਪਿੰਗਲਾ ੩. ਦਿਨ ੪. ਖਾਹਿਸ਼ ੫. ਅਤਰ ੬. ਇੱਕ ਸਥਾਨ ਤੇ ੭. ਪਰਮਾਤਮਾ ੮. ਖੋਜ ਕੇ ੯. ਔਖਾ ੧੦. ਸਭ ਥਾਂ ਮੌਜੂਦ ੧੧. ਕਰੋੜਾਂ

### ਗਉੜੀ ਮਹਲਾ ੫ ॥ (ਅੰਗ - ੧੯੬)

ਜਾ ਕਾ ਮੀਤੁ ਸਾਜਨੁ ਹੈ ਸਮੀਆ[੧] ॥
ਤਿਸੁ ਜਨ ਕਉ ਕਹੁ ਕਾ ਕੀ ਕਮੀਆ ॥੧॥
ਜਾ ਕੀ ਪ੍ਰੀਤਿ ਗੋਬਿੰਦ ਸਿਉ ਲਾਗੀ ॥
ਦੂਖੁ ਦਰਦੁ ਭ੍ਰਮੁ ਤਾ ਕਾ ਭਾਗੀ[੨] ॥੧॥ਰਹਾਉ॥
ਜਾ ਕਉ ਰਸੁ ਹਰਿ ਰਸੁ ਹੈ ਆਇਓ ॥
ਸੋ ਅਨ ਰਸ[੩] ਨਾਹੀ ਲਪਟਾਇਓ[੪] ॥੨॥
ਜਾ ਕਾ ਕਹਿਆ ਦਰਗਹ ਚਲੈ ॥
ਸੋ ਕਿਸ ਕਉ ਨਦਰਿ[੫] ਲੈ ਆਵੈ ਤਲੈ[੬] ॥੩॥
ਜਾ ਕਾ ਸਭੁ ਕਿਛੁ ਤਾ ਕਾ ਹੋਇ ॥
ਨਾਨਕ ਤਾ ਕਉ ਸਦਾ ਸੁਖੁ ਹੋਇ ॥੪॥

੧. ਸਮਾਨ ੨. ਭਾਜ ਜਾਂਦਾ ਹੈ ੩. ਹੋਰਨਾਂ ਰਸਾਂ ਵਿੱਚ ੪. ਚੰਬੜਦਾ ੫. ਮਿਹਰ ਦੀ ਨਜ਼ਰ ੬. ਹੇਠ

### ਪ੍ਰਭਾਤੀ ॥ (ਅੰਗ - ੧੩੪੯-੫੦)

ਅਵਲਿ[੧] ਅਲਹ ਨੂਰੁ[੨] ਉਪਾਇਆ ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥੧॥
ਲੋਗਾ ਭਰਮਿ ਨ ਭੂਲਹੁ ਭਾਈ ॥
ਖਾਲਿਕੁ[੩] ਖਲਕ ਖਲਕ ਮਹਿ ਖਾਲਿਕੁ
ਪੂਰਿ ਰਹਿਓ ਸ੍ਰਬ ਠਾਂਈ ॥੧॥ਰਹਾਉ॥
ਮਾਟੀ ਏਕ ਅਨੇਕ ਭਾਂਤਿ[੪] ਕਰਿ ਸਾਜੀ ਸਾਜਨਹਾਰੈ ॥
ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ[੫] ਕੁੰਭਾਰੈ[੬] ॥੨॥
ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ ॥
ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ ॥੩॥
ਅਲਹੁ ਅਲਖੁ[੭] ਨ ਜਾਈ ਲਖਿਆ ਗੁਰਿ ਗੁੜੁ ਦੀਨਾ[੮] ਮੀਠਾ ॥
ਕਹਿ ਕਬੀਰ ਮੇਰੀ ਸੰਕਾ[੯] ਨਾਸੀ ਸਰਬ ਨਿਰੰਜਨੁ[੧੦] ਡੀਠਾ ॥੪॥

੧. ਸਭ ਤੋਂ ਪਹਿਲਾਂ ੨. ਪਰਮਾਤਮਾ ਦੀ ਜੋਤ ੩. ਪੈਦਾ ਕਰਨ ਵਾਲਾ ਪ੍ਰਭੂ ੪. ਕਿਸਮ ੫. ਪਾਪ ੬. ਘੁਮਿਆਰ ਵਿੱਚ ੭. ਅਦ੍ਰਿਸ਼ਟ ੮. ਕੰਗਾਲਾਂ, ਗਰੀਬਾਂ ੯. ਭੁਲੇਖਾ ੧੦. ਨਿਰਲੇਪ

### ਆਸਾ ਮਹਲਾ ੫ ॥ (ਅੰਗ - ੩੯੬)

ਜਾ ਕੈ ਸਿਮਰਨਿ ਸੂਖ ਨਿਵਾਸੁ ॥
ਭਈ ਕਲਿਆਣ[੧] ਦੁਖ ਹੋਵਤ ਨਾਸੁ ॥੧॥
ਅਨਦੁ[੨] ਕਰਹੁ ਪ੍ਰਭ ਕੇ ਗੁਨ ਗਾਵਹੁ ॥
ਸਤਿਗੁਰੁ ਅਪਨਾ ਸਦ ਸਦਾ ਮਨਾਵਹੁ ॥੧॥ਰਹਾਉ॥
ਸਤਿਗੁਰ ਕਾ ਸਚੁ ਸਬਦੁ ਕਮਾਵਹੁ ॥
ਥਿਰੁ[੩] ਘਰਿ ਬੈਠੇ ਪ੍ਰਭੁ ਅਪਨਾ ਪਾਵਹੁ ॥੨॥
ਪਰ ਕਾ ਬੁਰਾ ਨ ਰਾਖਹੁ ਚੀਤ ॥
ਤੁਮ ਕਉ ਦੁਖੁ ਨਹੀ ਭਾਈ ਮੀਤ ॥੩॥
ਹਰਿ ਹਰਿ ਤੰਤੁ[੪] ਮੰਤੁ[੫] ਗੁਰਿ ਦੀਨ੍ਾ ॥
ਇਹੁ ਸੁਖੁ ਨਾਨਕ ਅਨਦਿਨੁ ਚੀਨ੍ਾ[੬] ॥੪॥

੧. ਸੁਖ-ਸਾਂਦ ੨. ਆਨੰਦ ੩. ਅਡੋਲ ਚਿਤ ੪. ਟੂਣਾ ੫. ਮੰਤਰ ੬. ਹਰ ਰੋਜ਼ ੭. ਪਛਾਨਣਾ

### ਗੂਜਰੀ ਮਹਲਾ ੫ ॥ (ਅੰਗ - ੪੯੬)

ਮਤਾ ਕਰੈ ਪਛਮ ਕੈ ਤਾਈ ਪੂਰਬ ਹੀ ਲੈ ਜਾਤ ॥
ਖਿਨ ਮਹਿ ਥਾਪਿ ਉਥਾਪਨਹਾਰਾ[੧] ਆਪਨ ਹਾਥਿ ਮਤਾਤ[੨] ॥੧॥
ਸਿਆਨਪ ਕਾਹੂ ਕਾਮਿ ਨ ਆਤ ॥
ਜੋ ਅਨਰੂਪਿਓ[੩] ਠਾਕੁਰਿ ਮੇਰੈ ਹੋਇ ਰਹੀ ਉਹ ਬਾਤ ॥੧॥ਰਹਾਉ॥
ਦੇਸੁ ਕਮਾਵਨ ਧਨ ਜੋਰਨ ਕੀ ਮਨਸਾ ਬੀਚੇ ਨਿਕਸੇ ਸਾਸ ॥
ਲਸਕਰ[੪] ਨੇਬ[੫] ਖਵਾਸ[੬] ਸਭ ਤਿਆਗੇ ਜਮ ਪੁਰਿ ਊਠਿ ਸਿਧਾਸ[੭]॥੨॥
ਹੋਇ ਅਨੰਨਿ[੮] ਮਨਹਠ[੯] ਕੀ ਦ੍ਰਿੜਤਾ ਆਪਸ ਕਉ ਜਾਨਾਤ ॥
ਜੋ ਅਨਿੰਦੁ[੧੦] ਨਿੰਦੁ ਕਰਿ ਛੋਡਿਓ ਸੋਈ ਫਿਰਿ ਫਿਰਿ ਖਾਤ ॥੩॥
ਸਹਜ ਸੁਭਾਇ ਭਏ ਕਿਰਪਾਲਾ ਤਿਸੁ ਜਨ ਕੀ ਕਾਟੀ ਫਾਸ ॥
ਕਹੁ ਨਾਨਕ ਗੁਰੁ ਪੂਰਾ ਭੇਟਿਆ ਪਰਵਾਣੁ ਗਿਰਸਤ ਉਦਾਸ ॥੪॥

੧. ਨਾਸ ਕਰਨ ਵਾਲਾ ੨. ਨਤੀਜਾ ੩. ਮਿਥ ੪. ਫੌਜਾਂ ੫. ਸਲਾਹਕਾਰ ੬. ਸ਼ਾਹੀ ਨੌਕਰ ੭. ਸੰਸਾਰ ਤੋਂ ਚਲੇ ਜਾਣਾ ੮. ਮਾਇਆ ਤੋਂ ਰਹਿਤ ੯. ਮਨ ਦੀ ਜਿੰਦ ੧੦. ਨਿੰਦਾ ਤੋਂ ਬਾਹਰ

Sword of Enlightenment

### ਸੋਰਠਿ ਮਹਲਾ ੫ ॥ (ਅੰਗ - ੬੧੩)

ਹਮ ਮੈਲੇ ਤੁਮ ਊਜਲ ਕਰਤੇ ਹਮ ਨਿਰਗੁਨ ਤੂ ਦਾਤਾ ॥
ਹਮ ਮੂਰਖ ਤੁਮ ਚਤੁਰ ਸਿਆਣੇ ਤੂ ਸਰਬ ਕਲਾ ਕਾ ਗਿਆਤਾ ॥੧॥
ਮਾਧੋ[੧] ਹਮ ਐਸੇ ਤੂ ਐਸਾ ॥
ਹਮ ਪਾਪੀ ਤੁਮ ਪਾਪ ਖੰਡਨ ਨੀਕੋ[੨] ਠਾਕੁਰ ਦੇਸਾ[੩] ॥ਰਹਾਉ॥
ਤੁਮ ਸਭ ਸਾਜੇ ਸਾਜਿ ਨਿਵਾਜੇ ਜੀਉ ਪਿੰਡੁ[੪] ਦੇ ਪ੍ਰਾਨਾ ॥
ਨਿਰਗੁਨੀਆਰੇ ਗੁਨੁ ਨਹੀ ਕੋਈ ਤੁਮ ਦਾਨੁ ਦੇਹੁ ਮਿਹਰਵਾਨਾ ॥੨॥
ਤੁਮ ਕਰਹੁ ਭਲਾ ਹਮ ਭਲੋ ਨ ਜਾਨਹ ਤੁਮ ਸਦਾ ਸਦਾ ਦਇਆਲਾ॥
ਤੁਮ ਸੁਖਦਾਈ ਪੁਰਖ ਬਿਧਾਤੇ[੫] ਤੁਮ ਰਾਖਹੁ ਅਪੁਨੇ ਬਾਲਾ ॥੩॥
ਤੁਮ ਨਿਧਾਨ[੬] ਅਟਲ ਸੁਲਿਤਾਨ[੭] ਜੀਅ ਜੰਤ ਸਭਿ ਜਾਚੈ[੮] ॥
ਕਹੁ ਨਾਨਕ ਹਮ ਇਹੈ ਹਵਾਲਾ[੯] ਰਾਖੁ ਸੰਤਨ ਕੈ ਪਾਛੈ[੧੦] ॥੪॥

੧. ਹੇ ਪ੍ਰਭੂ ੨. ਸੋਹਣਾ, ਚੰਗਾ ੩. ਮੈਂ ਦਿਆਂਗਾ ੪. ਸਰੀਰ ੫. ਸਿਰਜਣਹਾਰ ੬. ਖਜ਼ਾਨੇ ੭. ਸਦਾ ਕਾਇਮ ਰਹਿਣ ਵਾਲਾ ਬਾਦਸ਼ਾਹ ੮. ਮੰਗਦੇ ੯. ਵੇਰਵਾ ੧੦. ਸਰਨ

Decade of Spiritual Renaissance (2008-2018)

### ਆਸਾ ਸੇਖ ਫਰੀਦ ਜੀਉ ਕੀ ਬਾਣੀ (ਅੰਗ - ੪੮੮)

ੴ ਸਤਿਗੁਰ ਪ੍ਰਸਾਦਿ ॥

ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ ॥
ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ[੧] ਕਚਿਆ ॥੧॥
ਰਤੇ[੨] ਇਸਕ ਖੁਦਾਇ ਰੰਗਿ ਦੀਦਾਰ[੩] ਕੇ ॥
ਵਿਸਰਿਆ ਜਿਨ੍ ਨਾਮੁ ਤੇ ਭੁਇ[੪] ਭਾਰੁ ਥੀਏ[੫] ॥੧ ਰਹਾਉ॥
ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ ॥
ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥੨॥
ਪਰਵਦਗਾਰ ਅਪਾਰ ਅਗਮ[੬] ਬੇਅੰਤ ਤੂ ॥
ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ ॥੩॥
ਤੇਰੀ ਪਨਹ[੭] ਖੁਦਾਇ ਤੂ ਬਖਸੰਦਗੀ[੮] ॥
ਸੇਖ ਫਰੀਦੈ ਖੈਰੁ[੯] ਦੀਜੈ ਬੰਦਗੀ[੧੦] ॥੪॥

੧. ਅਖਵਾਉਂਦੇ ੨. ਰੰਗੇ ਹੋਏ ੩. ਦਰਸਨ ੪. ਧਰਤੀ ੫. ਰਲਣਾ ੬. ਅਪਹੁੰਚ ੭. ਆਸਰਾ ੮. ਬਖਸ਼ਣ ਵਾਲਾ ੯. ਦਾਨੁ ੧੦. ਭਗਤੀ

Spiritual, Academic and Professional EXCELLENCE

### ਬਸੰਤ ਕੀ ਵਾਰ ਮਹਲੁ ੫ (ਅੰਗ - ੧੧੯੩)

ੴ ਸਤਿਗੁਰ ਪ੍ਰਸਾਦਿ ॥

ਹਰਿ ਕਾ ਨਾਮੁ ਧਿਆਇ ਕੈ ਹੋਹੁ ਹਰਿਆ ਭਾਈ ॥
ਕਰਮਿ ਲਿਖੰਤੈ ਪਾਈਐ ਇਹ ਰੁਤਿ ਸੁਹਾਈ ॥
ਵਣੁ ਤ੍ਰਿਣੁ[੧] ਤ੍ਰਿਭਵਣੁ[੨] ਮਉਲਿਆ[੩] ਅੰਮ੍ਰਿਤ ਫਲੁ ਪਾਈ॥
ਮਿਲਿ ਸਾਧੂ ਸੁਖੁ ਊਪਜੈ ਲਥੀ[੪] ਸਭ ਛਾਈ[੫] ॥
ਨਾਨਕੁ ਸਿਮਰੈ ਏਕੁ ਨਾਮੁ ਫਿਰਿ ਬਹੁੜਿ[੬] ਨ ਧਾਈ[੭]॥੧॥
ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ ॥
ਆਪਣੇ ਚਰਣ ਜਪਾਇਅਨੁ ਵਿਚਿ ਦਯੁ[੮] ਖੜੋਆ॥
ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾ ਨਿਰੋਆ[੯] ॥
ਦਿਨੁ ਰੈਣਿ ਨਾਮੁ ਧਿਆਇਦਾ ਫਿਰਿ ਪਾਇ ਨ ਮੋਆ ॥
ਜਿਸ ਤੇ ਉਪਜਿਆ ਨਾਨਕਾ ਸੋਈ ਫਿਰਿ ਹੋਆ ॥੨॥
ਕਿਥਹੁ ਉਪਜੈ ਕਹ ਰਹੈ ਕਹ ਮਾਹਿ ਸਮਾਵੈ ॥
ਜੀਅ ਜੰਤ ਸਭਿ ਖਸਮ ਕੇ ਕਉਣੁ ਕੀਮਤਿ ਪਾਵੈ ॥
ਕਹਨਿ ਧਿਆਇਨਿ ਸੁਣਨਿ ਨਿਤ ਸੇ ਭਗਤ ਸੁਹਾਵੈ ॥
ਅਗਮੁ[੧੦] ਅਗੋਚਰੁ ਸਾਹਿਬੋ ਦੂਸਰੁ ਲਵੈ ਨ ਲਾਵੈ ॥
ਸਚੁ ਪੂਰੈ ਗੁਰਿ ਉਪਦੇਸਿਆ[੧੧] ਨਾਨਕੁ ਸੁਣਾਵੈ ॥੩॥੧॥

੧. ਘਾਹ ੨. ਸਾਰਾ ਸੰਸਾਰ ੩. ਖਿੜਿਆ ੪. ਉਤਰ ਜਾਂਦੀ ਹੈ ੫. ਮੈਲ ੬. ਮੁੜ-ਮੁੜ ੭. ਭਟਕਨਾ ੮. ਦਇਆਲ ਪ੍ਰਭੂ ੯. ਅਰੋਗ ੧੦. ਅਪਹੁੰਚ ੧੧. ਨੇੜੇ ਵਿਖਾਉਣਾ


## A Request

'Sukrit Trust', was started with the blessings of **Panth Ratan Bhai Sahib Bhai Jasbir Singh Ji Khalsa (Khanne Wale).** It is striving to rejuvenate 'Kirat' culture in our society.

By purchasing 'Sukrit' products, you are helping in employment of needy youth. We humbly acknowledge and solicit your valuable suggestions.

Bank Draft/Cheque in favour of
**SUKRIET Account No. 30511055004**
State Bank of India, Phase-2, Dugro, Ludhiana.,



SUKRIT TRUST
#3454, Phase-2, Dugro, Ludhiana (Punjab, India)
www.sukrit.org, sukrittrust@gmail.com
+(91)98557-30199